ਪੰਜਾਬ ਸਰਕਾਰ
ਮੈਡੀਕਲ ਸਿਖਿਆ ਅਤੇ ਖੋਜ ਵਿਭਾਗ
(ਸਿਹਤ -3 ਸਾਖਾ)

ਵੱਲ

ਰਜਿਸਟਰਾਰ,
ਆਦੇਸ ਯੂਨੀਵਰਸਿਟੀ, ਬਰਨਾਲਾ ਰੋਡ,
ਬਠਿੰਡਾ।

ਮੀਮੋ ਨੰ: 2/29/2003-3ਸਸ3/ 3727

ਮਿਤੀ, ਚੰਡੀਗੜ੍ਹ: 16-06-2014

ਵਿਸ਼ਾ:- ਦਾ ਹਿੰਦੁਸਤਾਨ ਟਾਈਮਜ ਦੀ ਨਿਊਜ ਮਿਤੀ 11.06.2014-at Rs. 40 lakh per MBBS seat-Adesh Varsity charges 20-fold - ਕਾਊਂਸਲਿੰਗ ਨਾ ਕਰਨ ਸਬੰਧੀ।

****

ਉਪਰੋਕਤ ਵਿਸੇ ਦੇ ਸਬੰਧ ਵਿੱਚ।

2. ਸਰਕਾਰ ਦੇ ਧਿਆਨ ਵਿੱਚ ਆਇਆ ਹੈ ਕਿ ਆਦੇਸ ਯੂਨੀਵਰਸਿਟੀ, ਬਠਿੰਡਾ ਵੱਲੋਂ ਮਿਤੀ 17.06.2014 ਨੂੰ ਐਮ.ਬੀ.ਬੀ.ਐਸ. / ਬੀ.ਡੀ.ਐਸ ਕੋਰਸਾਂ ਲਈ ਆਪਣੇ ਪੱਧਰ ਤੇ ਕੀਤੀ ਜਾ ਰਹੀ ਕਾਊਂਸਲਿੰਗ ਸਬੰਧੀ ਵੱਖ-ਵੱਖ ਅਖਬਾਰਾਂ ਵਿੱਚ ਦਿੱਤੇ ਜਾ ਰਹੇ ਇਸਤਿਹਾਰਾਂ ਜਿਸ ਵਿੱਚ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵੱਲੋਂ ਸਿਵਲ ਰਿੱਟ ਪਟੀਸਨ ਨੰ: 9215 ਆਫ 2013 ਵਿੱਚ ਦਿੱਤੇ ਗਏ ਫੈਸਲੇ ਦਾ ਜਿਕਰ ਕੀਤਾ ਜਾ ਰਿਹਾ ਹੈ। ਇਸ ਬਾਰੇ ਸਰਕਾਰ ਵੱਲੋਂ ਗੰਭੀਰ ਨੋਟਿਸ ਲਿਆ ਗਿਆ ਹੈ ਕਿਉਂਕਿ ਮਾਨਯੋਗ ਹਾਈਕੋਰਟ ਵੱਲੋ ਸਿਵਲ ਰਿੱਟ ਪਟੀਸਨ ਨੰ: 9215 ਆਫ 2013 ਵਿੱਚ ਜੋ ਫੈਸਲਾ ਮਿਤੀ 01-05-2014 ਨੂੰ ਦਿੱਤਾ ਗਿਆ ਹੈ, ਉਸ ਅਨੁਸਾਰ ਆਦੇਸ ਯੂਨੀਵਰਸਿਟੀ, ਬਠਿੰਡਾ ਵੱਲੋ ਆਪਣੇ ਪੱਧਰ ਤੇ ਉਕਤ ਕੋਰਸਾਂ ਲਈ ਕਾਊਂਸਲਿੰਗ ਕਰਨ ਲਈ ਨਹੀ ਕਿਹਾ ਗਿਆ।

3. ਆਦੇਸ ਯੂਨੀਵਰਸਿਟੀ, ਬਠਿੰਡਾ ਵੱਲੋਂ ਮਿਤੀ 17.06.2014 ਨੂੰ ਐਮ.ਬੀ.ਬੀ.ਐਸ. / ਬੀ.ਡੀ.ਐਸ ਕੋਰਸਾਂ ਲਈ ਆਪਣੇ ਪੱਧਰ ਤੇ ਕੀਤੀ ਜਾ ਰਹੀ ਕਾਊਂਸਲਿੰਗ ਤੇ ਸਰਕਾਰ ਵੱਲੋਂ ਤੁਰੰਤ ਪ੍ਰਭਾਵ ਤੋਂ ਰੋਕ ਲਗਾਈ ਜਾਂਦੀ ਹੈ। ਇੱਥੇ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਐੱਮ.ਬੀ.ਬੀ.ਐੱਸ / ਬੀ.ਡੀ.ਐੱਸ. ਕੋਰਸਾਂ ਵਿੱਚ ਦਾਖਲਿਆਂ ਲਈ ਜਾਰੀ ਨੋਟੀਫਿਕੇਸਨ ਨੰ: 5/9/2009-3ਸਸ3/1472 ਮਿਤੀ 07.03.2014 ਅਨੁਸਾਰ ਸੈਂਟਰਲਾਈਜਡ ਕਾਊਂਸਲਿੰਗ ਬਾਬਾ ਫਰੀਦ ਯੂਨੀਵਰਸਿਟੀਆਫ ਹੈਲਥ ਸਾਇੰਸਜ, ਫਰੀਦਕੋਟ ਵਲੋਂ ਹੀ ਕੀਤੀ ਜਾਣੀ ਹੈ।

ਅਧੀਨ ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ।

ਪਿੱਠ ਅੰਕਣ ਨੰ: 2/29/2003-3ਸਸ3/ 3728-3730 ਮਿਤੀ ਚੰਡੀਗੜ੍ਹ: 16-06-2014

ਉਤਾਰਾ ਹੇਠ ਲਿਖਿਆਂ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ, ਪੰਜਾਬ ਨੂੰ ਉਨ੍ਹਾਂ ਦੀ ਸਿੰਗਲ ਫਾਈਲ ਸਿਸਟਮ ਰਾਹੀਂ ਪ੍ਰਾਪਤ ਤਜਵੀਜ ਨੰ: 1ਐੱਮ.ਈ.3-ਪੰ-2014/9282 ਮਿਤੀ 11.06.2014 ਦੇ ਹਵਾਲੇ ਵਿੱਚ।
2. ਰਜਿਸਟਰਾਰ, ਬਾਬਾ ਫਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ, ਫਰੀਦਕੋਟ।
3. ਰਜਿਸਟਰਾਰ, ਗੁਰੂ ਰਵੀਦਾਸ ਆਯੂਰਵੇਦਿਕ ਯੂਨੀਵਰਸਿਟੀ, ਹੁਸਿਆਰਪੁਰ।

ਅਧੀਨ ਸਕੱਤਰ ਮੈਡੀਕਲ ਸਿੱਖਿਆ ਅਤੇ ਖੋਜ।

<u>ਅੰਦਰੂਨੀ ਵੰਡ:</u>

1) ਨਿੱਜੀ ਸਕੱਤਰ/ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਜਾਣਕਾਰੀ ਹਿੱਤ ।
2) ਨਿੱਜੀ ਸਕੱਤਰ/ਮਾਨਯੋਗ ਮੰਤਰੀ ਮੈਡੀਕਲ ਸਿੱਖਿਆ ਤੇ ਖੋਜ, ਜੀ ਦੀ ਜਾਣਕਾਰੀ ਹਿੱਤ।
3) ਨਿੱਜੀ ਸਕੱਤਰ/ ਮਾਨਯੋਗ ਮੁੱਖ ਸੰਸਦੀ ਸਕੱਤਰ ਮੈਡੀਕਲ ਸਿੱਖਿਆ ਤੇ ਖੋਜ ਜੀ ਦੀ ਜਾਣਕਾਰੀ ਹਿੱਤ।
4) ਨਿੱਜੀ ਸਕੱਤਰ /ਪ੍ਰਮੁੱਖ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ ਜੀ ਦੀ ਜਾਣਕਾਰੀ ਹਿੱਤ।